ਮੈਂ ਸਰਬਸ਼ਕਤੀਮਾਨ ਪਿਤਾ, ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹਾਂ
ਜੋ ਕਿ ਸੁਰਗ ਅਤੇ ਧਰਤੀ ਦਾ ਰਚਨਹਾਰ ਹੈ।

ਮੈਂ, ਉਸ ਦੇ ਇਕਲੌਤੇ ਪੁੱਤਰ, ਯਿਸੂ ਮਸੀਹ, ਸਾਡੇ ਪ੍ਰਭੂ
ਵਿੱਚ ਵਿਸ਼ਵਾਸ ਕਰਦਾ ਹਾਂ ਜੋ ਪਵਿੱਤਰ ਆਤਮਾ ਦੇ ਦੁਆਰਾ
ਗਰਭ ਧਾਰਨ ਹੋਇਆ ਸੀ ਅਤੇ ਕੁਆਰੀ ਮਰਿਯਮ ਤੋਂ ਪੈਦਾ ਹੋਇਆ।
ਉਸ ਨੇ ਪੋਂਤਿਯੁਸ ਪਿਲਾਤੁਸ ਦੇ ਰਾਜ ਦੌਰਾਨ ਦੁਖ ਸਹਿਨ ਕੀਤਾ,
ਉਸ ਨੂੰ ਸਲੀਬ ਦਿੱਤਾ ਗਿਆ,
ਉਹ ਮੋਇਆ ਅਤੇ ਦਫ਼ਨਾਇਆ ਗਿਆ ਸੀ;
ਉਹ ਨਰਕ ਤੱਕ ਨੀਵਾਂ ਉੱਤਰਿਆ।
ਤੀਸਰੇ ਦਿਨ ਉਹ ਮੁਰਦਿਆਂ ਵਿੱਚੋਂ ਦੁਬਾਰਾ ਜੀ ਉੱਠਿਆ,
ਉਹ ਆਕਾਸ਼ ਨੂੰ ਉੱਪਰ ਚੜ ਗਿਆ ਅਤੇ ਉਹ ਸਰਬਸ਼ਕਤੀਮਾਨ ਪਿਤਾ,
ਪਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਹੈ।
ਉੱਥੋਂ ਉਹ ਜੀਉਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨ ਲਈ ਆਵੇਗਾ।

ਮੈਂ ਪਵਿੱਤਰ ਆਤਮਾ ਵਿੱਚ,
ਪਵਿੱਤਰ ਸਰਵ-ਵਿਆਪਕ ਕਲੀਸੀਆ ਵਿੱਚ,
ਸੰਤਾਂ ਦੀ ਸੰਗਤੀ ਵਿੱਚ,
ਪਾਪਾਂ ਦੀ ਮੁਆਫ਼ੀ,
ਸਰੀਰ ਦੇ ਦੁਬਾਰਾ ਉਠਾਏ ਜਾਣ ਅਤੇ ਸਦੀਪਕ
ਜੀਵਣ ਵਿੱਚ ਵਿਸ਼ਵਾਸ ਕਰਦਾ ਹਾਂ। ਆਮੀਨ।